ਡਾ.ਹਰਪ੍ਰੀਤ ਕੌਰ
ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ

# ਰਹਿਣ ਸਹਿਣ ਅਤੇ ਲੋਕ ਕਿੱਤੇ

- ਰਹਿਣ ਸਹਿਣ
- ਪੁਸਤਕ „ਮੇਰਾ ਪਿੰਡ’ ਦੇ ਆਧਾਰਿਤ ਲੋਕਾਂ ਦੇ ਰਹਿਣ ਸਹਿਣ ਬਾਰੇ ਗੱਲ ਕੀਤੀ ਜਾਵੇ ਤਾਂ ਮੇਰਾ ਪਿੰਡ ਦੇ ਲੋਕ ਬਹੁਤ ਸਾਦੇ ਤੇ ਮਿਲਵਰਤਨ ਦੀ ਭਾਵਨਾ ਰੱਖਦੇ ਸਨ। ਉਨ੍ਹਾਂ ਦੇ ਰਹਿਣ ਸਹਿਣ ਵਿੱਚ ਪੰਜਾਬੀ ਸਭਿਆਚਾਰ ਦੀ ਅਸਲ ਤਸਵੀਰ ਝਲਦੀ ਨਜਰ ਆਉਂਦੀ ਹੈ। ਰਹਿਣ ਸਹਿਣ ਵਿੱਚ ਖਾਣ ਪੀਣ, ਪਹਿਰਾਵੇ, ਗਹਿਣੇ ਆਦਿ ਦੀ ਗੱਲ ਹੁੰਦੀ ਹੈ। ਮੇਰਾ ਪਿੰਡਾਂ ਦੇ ਲੋਕਾਂ ਦੀ ਖੁਰਾਕ ਦੁੱਧ, ਘਿਉ, ਲੱਸੀ ਆਦਿ ਹੁੰਦੀ ਸੀ ਜੋ ਸਰੀਰ ਲਈ ਵਧੇਰੇ ਲਾਹੇਵੰਦ ਹੁੰਦੀ ਹੈ। ਉਨ੍ਹਾਂ ਲੋਕਾਂ ਵਿੱਚ ਨਸ਼ਿਆਂ ਦਾ ਸੇਵਨ ਨਾ ਮਾਤਰ ਹੀ ਹੁੰਦਾ ਸੀ। ਇਨ੍ਹਾਂ ਲੋਕਾਂ ਦਬਾਰਾ ਇਕੱਠੇ ਰਹਿ ਕ ਕੰਮ ਕਰਨੇ ਆਪਣੇ ਪਿੰਡ ਦੀ ਸ਼ੋਭਾ ਸਮਝਦੇ ਸਨ ਤੇ ਭਾਈਚਾਰਕ ਭਾਵਨਾ ਪੇਸ਼ ਕਰਨੀ ਆਪਣਾ ਫਰਜ਼ ਸਮਝਦੇ ਸਨ।

# ਖਾਣ ਪੀਣ

- ਹਰੇਕ ਸਮਾਜ ਦੇ ਸਭਿਆਚਾਰ ਦੀ ਪਛਾਣ ਖਾਣ ਪੀਣ ਅਤੇ ਪਹਿਰਾਵੇ ਦੇ ਪੱਖ ਤੋਂ ਵਧਰੇ ਕੀਤੀ ਜਾਂਦੀ ਹੈ। ਖਾਣ ਪੀਣ ਅਤੇ ਪਹਿਰਾਵਾ ਪੰਜਾਬੀ ਸਭਿਆਚਾਰ ਵਿੱਚ ਵਧੇਰੇ ਮਹੱਤਵਪੂਰਨ ਹੈ। ਪੁਰਾਤਨ ਸਮੇਂ ਦੇ ਲੋਕ ਘਿਓ, ਦੁੱਧ, ਦਹੀਂ, ਲੱਸੀ ਆਦਿ ਖੁਰਾਕਾਂ ਦੇ ਸ਼ੌਕੀਨ ਹਨ। ਪੰਜਾਬੀ ਲੋਕ ਸਰੀਰ ਨੂੰ ਵਧੇਰੇ ਤਾਕਤ ਦੇਣ ਵਾਲੇ ਪਦਾਰਥਾਂ ਨੂੰ ਖਾਣਾ ਪਸੰਦ ਕਰਦੇ ਹਨ। ਪੰਜਾਬੀਆਂ ਵਿੱਚ ਖੁਸ਼ੀ ਦੇ ਸਮੇਂ ਤੇ ਅਤੇ ਆਮ ਦਿਨ ਵਿੱਚ ਖਾਣ ਵਾਲੀ ਖੁਰਾਕ ਸੰਬੰਧੀ ਜ਼ਿਕਰ ਹੇਠ ਲਿਖੇ ਅਨੁਸਾਰ ਹਨ।

- ਪ੍ਰਸਤਕ „ਮੇਰਾ ਪਿੰਡ' ਆਧਾਰਿਤ ਪੁਰਾਣੇ ਸਮੇਂ ਵਿੱਚ ਲੋਕਾਂ ਦੇ ਖਾਣ-ਪੀਣ ਸੰਬੰਧੀ ਵਨੰ- ਸੂਵੰਨਤਾ ਸੀ। ਉਸ ਸਮੇਂ ਵਿੱਚ ਲੋਕਾਂ ਵਿੱਚ ਖਾਣ ਪੀਣ ਮੌਕਿਆਂ ਦੇ ਆਧਾਰਿਤ ਖਾਣਾ ਵਧੇਰੇ ਪਸੰਦ ਕੀਤਾ ਜਾਂਦਾ ਸੀ। ਜਿਵੇਂ- ਆਮ ਮੌਕਿਆਂ ਦੀ ਖੁਰਾਕ ਵਿੱਚ ਦੀ ਗੱਲ ਕੀਤੀ ਜਾਵੇ ਤਾਂ ਉਹ ਛਾਹ ਵੇਲੇ, ਦੁਪਹਿਰ ਵੇਲੇ, ਲੌਢਾ ਵੇਲੇ ਅਤੇ ਸ਼ਾਮ ਵੇਲੇ ਅਲੱਗ-ਅਲੱਗ ਪ੍ਰਕਾਰ ਦੀ ਖੁਰਾਕ ਖਾਂਦੇ ਸਨ ਅਤੇ ਖਾਸ ਮੌਕਿਆਂ ਵਿੱਚ ਜਿਵੇਂ ਜਨਮ, ਵਿਆਹ ਅਤੇ ਕਿਸੇ ਬਜੁਰਗ ਦੀ ਮੌਤ ਦੇ ਸਮੇਂ ਅਲੱਗ ਪ੍ਰਕਾਰ ਦੇ ਖਾਣ-ਪੀਣ ਨੂੰ ਪਹਿਲ ਦਿੱਤੀ ਜਾਂਦੀ ਸੀ।

# ਆਮ ਮੌਕਿਆਂ ਦੀ ਖੁਰਾਕ

- ਛਾਹਵੇਲਾ (ਸਵੇਰੇ ਦੇ ਸਮੇਂ ਨੂੰ) „„„ਲੋਕਾਂ ਵਿੱਚ ਸਵੇਰੇ ਅਕਸਰ ਮਿੱਸੀ ਰੋਟੀ, ਲੱਸੀ ਦੀ ਚਾਟੀ, ਮੱਖਣ, ਪਨੀਰ, ਗਢੰਾ, ਅਬੰ, ਨਿੰਬੂ, ਡੇਲੇ, ਗਲਗਲ ਜਾਂ ਕੁਆਰ ਦਾ ਆਚਾਰ ਵਰਤਣ ਦੇ ਸ਼ੌਕੀਨ ਸਨ। ''76 ਪਿੰਡਾਂ ਵਿੱਚ ਦੁਪਹਿਰ ਦੀ ਰੋਟੀ ਬਾਰਾਂ ਵਜੇ ਤੋਂ ਦੋ ਵਜੇ ਤੱਕ ਕਿਸੇ ਸਮੇਂ ਵੀ ਖਾਧੀ ਜਾ ਸਕਦੀ ਸੀ। ਇਸ ਸਮੇਂ ਦੀ ਰਟੋੀ ਸਾਦੀ ਦਾਲ, ਸ਼ਬਜੀ ਨਾਲ ਹੁੰਦੀ ਸੀ। ਰੋਟੀ ਅਤੇ ਦਾਲ ਦੇਸੀ ਘਿਉ ਨਾਲ ਚੰਗੀ ਤਰ੍ਹਾਂ ਚੋਪੜੀ ਜਾਂਦੀ ਸੀ। „„„ਰੋਟੀ ਖਾਣ ਮਗਰੋਂ ਸਵੀਟ ਡਿਸ਼ ਦੇ ਤਰੌ ਤੇ ਗੁੜ ਖਾਧਾ ਜਾਂਦਾ ਸੀ। ਕਈ ਵਾਰੀ „ਸਾਉਣ–ਭਾਦੋਂ" ਦੀਆਂ ਬਰਸਾਤਾਂ ਤੋਂ ਪ੍ਰਸੰਨ ਹੋ ਕੇ ਘਰ ਦੀ ਸੁਆਣੀ ਪੂੜੇ, ਗੁਲਗੁਲੇ ਜਾਂ ਖੀਰ ਬਣਾ ਲੈਂਦੀ ਸੀ। ਸਗੋਂ ਸਾਉਣ ਦੇ ਮਹੀਨੇ ਖੀਰ ਖਾਣ ਦਾ ਮਹਾਤਮ ਹੁੰਦਾ ਸੀ।
- .

- ਸਾਵਣ ਖੀਰ ਨਾ ਖਾਧੀਆ      ਕਿਉਂ ਆਈਐਂ ਅਪਰਾਧੀਆ’’

- ਲੌਢਾ ਵੇਲਾ- (ਦੁਪਹਿਰ ਦਾ ਸਮਾਂ) ,,,,ਤਿੰਨ ਚਾਰ ਵਜੇ ਸ਼ਾਮ ਨੂੰ ਜਦੋਂ ਪੇਟ ਕੁਝ ਮੰਗਦਾ ਤਾਂ ਖੇਤ ਦਾ ਕਾਮਾ ਖੇਤ ਵਿਚੋਂ ਮੱਕੀ ਦੀਆਂ ਛੱਲੀਆਂ, ਗਨੈਂ, ਮੂੰਗਫਲੀ ਜਾਂ ਛੋਲਿਆਂ ਦੀਆਂ ਹੋਲਾਂ ਬਣਾ ਕੇ ਖਾਂਦੇ। ਕੱਚੇ ਪਕੌਂ ਕਚਰੇ, ਗਾਜਰਾਂ, ਮੂਲੀਆਂ, ਸ਼ਲਗਮ, ਜੋ ਵੀ ਰੁੱਤ ਅਨੁਸਾਰ ਖਾਣ ਵਾਲੀ ਚੀਜ਼ ਹੁੰਦੀ, ਖਾਂਦੇ ਸਨ। ਚਾਹ ਅਤੇ ਦੁਪਹਿਰ ਦੀਆਂ ਬਚੀਆਂ ਰੋਟੀਆਂ ਵੀ ਖਾਧੀਆਂ ਜਾਂਦੀਆਂ।’’

# ਸ਼ਾਮ ਵੇਲਾ

,,,,ਇਸ ਸਮੇਂ ਗਢੰਾ, ਖੱਟੀਆਂ ਅੰਬੀਆਂ ਦੀ ਚੱਟਣੀ ਜਾਂ ਆਚਾਰ ਨਾਲ ਦਾਲ ਸਬਜੀ ਹੁੰਦੀ ਸੀ। ਕਣਕ ਦੀ ਵਾਢੀ ਸਮੇਂ ਕਾਮੇ ਲਈ ਸ਼ੱਕਰ ਘਿਉ ਜਾਂ ਖੰਡ ਘਿਉ ਹੁੰਦੀ ਸੀ। ਰੋਟੀ ਮਗਰੋਂ ਕਾੜ੍ਹਨੀ ਵਾਲਾ ਦੁੱਧ ਪੀਤਾ ਜਾਂਦਾ ਸੀ। ਬਹੁਤੇ ਪੰਜਾਬੀ ਲੋਕ ਤਾਂ ਸ਼ਾਮ ਵੇਲੇ ਪੈੱਗ ਲਾਉਣ ਦ ੇਵੀ ਸ਼ੌਕੀਨ ਹਨ। ਸ਼ਰਾਬ ਨਾਲ ਬਣੀ ਹੋਈ ਸ਼ਬਜੀ ਖਾਂਦੇ ਸਨ। ਅਜੋਕੇ ਸਮੇਂ ਵਿੱਚ ਸ਼ਰਾਬ ਨਾਲ ਹੋਰ ਫਾਸਟ ਫੂਡ, ਡਰਾਈ ਫਰੂਟ ਲੈਣਾ ਪਸੰਦ ਕਰਦੇ ਹਨ।

# ਪਹਿਰਾਵਾ ਅਤੇ ਗਹਿਣੇ

- ਪਹਿਰਾਵਾ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ,,,,ਪਹਿਰਾਵੇ ਤੋਂ ਵਿਅਕਤੀ ਵਿਸ਼ੇਸ਼ ਦੇ ਸਭਿਆਚਾਰ ਦੀ ਇਕਦਮ ਪਛਾਣ ਹੋ ਜਾਂਦੀ ਹੈ ਤੇ ਉਸਦੇ ਸਭਿਆਚਾਰਕ ਮੁਹਾਂਦਰੇ ਦੀ ਵੀ।

- ਪੰਜਾਬੀ ਸਭਿਆਚਾਰ ਪਹਿਰਾਵੇ ਵਿੱਚ ਪੱਗ, ਕੁੜਤਾ, ਪਜਾਮਾ, ਕਮੀਜ਼, ਸਲਵਾਰ, ਲਹਿੰਗਾ, ਸਾੜੀ, ਚੁੰਨੀ, ਸ਼ਾਲ, ਚਾਦਰ ਆਦਿ ਵਿਸ਼ੇਸ਼ ਹਨ। ਭਾਵੇਂ ਮਨੁੱਖੀ ਸਰੀਰਕ ਬਣਤਰ ਇਕੋ ਹੀ ਹੈ, ਪਰ ਹਰੇਕ ਸਭਿਆਚਾਰਕ ਸਮੂਹ ਦਾ ਪਹਿਰਾਵਾ ਵੱਖੋ-ਵੱਖਰਾ ਹੁੰਦਾ ਹੈ। ਜਿਵੇਂ ਪੰਜਾਬੀ ਲਕੋ ਕੜੁਤਾ ਪਜਾਮਾ ਜਾਂ ਚਾਦਰਾ ਲਾਉਂਦੇ ਹਨ, ਬ੍ਰਾਹਮਣ ਧੋਤੀ ਬੰਨ੍ਹਦੇ ਹਨ, ਅੰਗਰੇਜ਼ ਟੋਪੀ ਪਹਿਨਦੇ ਹਨ। ਪਹਿਰਾਵੇ ਦੇ ਕੁਝ ਵਸਤਰ ਵਿਭਿੰਨ ਧਾਰਮਿਕ ਚਿੰਨ੍ਹਾਂ ਦਾ ਵੀ ਸੂਚਕ ਹੁੰਦੇ ਹਨ, ਜਿਵੇਂ ਕਛਹਿਰਾ ਸਿੱਖ ਧਾਰਮਿਕ ਪਛਾਣ ਦਾ ਪ੍ਰਮਾਣ ਹੈ।

- ਪੰਜਾਬ ਦੇ ਮਰਦਾਂ ਦੇ ਪਹਿਰਾਵੇ ਵਿਚੱ ਪੱਗੜੀ ਖਾਸ ਹੈ। ਇਹ ਪੰਜਾਬੀਆਂ ਦਾ ਹਰਮਨ ਪਿਆਰਾ ਪਹਿਰਾਵਾ ਹੈ। ਭਾਵੇਂ ਦੇਸ਼ ਵਿਦੇਸ਼ ਦੇ ਲੋਕੀਂ ਪੱਗਾਂ ਬੰਨ੍ਹਦੇ ਹੋਣਗੇ ਪਰ ਪੰਜਾਬੀ ਸਭਿਆਚਾਰ ਦੇ ਪੰਜਾਬੀ ਪਹਿਰਾਵੇ ਵਿੱਚ ਜੋ ਸਨਮਾਨ ਪੱਗ ਨੂੰ ਹਾਸਲ ਹੈ ਓਹੁ ਹੋਰ ਕਿਤੇ ਨਹੀਂ ਹੈ। ਇਸ ਪਹਿਰਾਵੇ ਨਾਲ ਜੀਵਨ ਦੀਆਂ ਕਦਰਾਂ-ਕੀਮਤਾਂ ਜੁੜੀਆਂ ਹੋਈਆਂ ਹਨ। ਕਿਸੇ ਦੇ ਸਿਰ ਤੋਂ ਪੱਗ ਲੱਥ ਜਾਵੇ ਤਾਂ ਬੇ-ਇਜ਼ਤੀ ਸਮਝੀ ਜਾਂਦੀ ਹੈ। ਜੇਕਰ ਕਿਸੇ ਦੀ ਧੀ ਭੈਣ ਗਲਤ ਰਾਸਤੇ ਤੇ ਚੱਲੇ ਤਾਂ ਭਰਾ ਜਾਂ ਪਿਉ ਦੀ ਪੱਗ ਦਾਗੀ ਸਮਝੀ ਜਾਂਦੀ ਹੈ। ਉਸ ਵਿਅਕਤੀ ਨੂੰ ਭਾਈਚਾਰੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਖਾਸ ਖੁਸ਼ੀ ਦੇ ਮੌਕਿਆਂ ਤੇ ਆਪਣੇ ਸਾਕ-ਸੰਬੰਧੀਆਂ ਜਾਂ ਸ਼ਰੀਕਾਂ ਨੂੰ ਮਨਾਉਣ ਲਈ ਪੱਗੜੀ ਪੈਰਾਂ ਤੇ ਰੱਖੀ ਜਾਂਦੀ ਹੈ। ਪੱਗ ਪੰਜਾਬੀਆਂ ਦੀ ਇੱਜ਼ਤ ਤੇ ਅਣਖ ਦਾ ਚਿੰਨ੍ਹ ਹੈ।

- ,,,,ਪੰਜਾਬੀ ਔਰਤਾਂ ਪੈਰਾਂ ਵਿੱਚ ਪਿੰਡ ਦ`ੇਮੋਚੀ ਦੀ ਬਣਾਈ ਜੁੱਤੀ ਪਹਿਨਦੀਆਂ ਸਨ। ਜੁਤੀ ਨੋਕ ਵਾਲੀ, ਧੋੜੀ ਦੀ ਖੱਲ ਦੀ ਬਹੁਤ ਮਸ਼ਹੂਰ ਸੀ। ਪੰਜਾਬੀ ਕੁੜੀਆਂ ਖੱਲ ਦੀ ਜੁੱਤੀ ਵਧੇਰੇ ਪਸੰਦ ਕਰਦੀਆਂ ਸਨ।

- ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ,          ਜ਼ੋਰ ਜਵਾਨੀ ਦਾ। ’’

- ਸੋ ਕਿਸੇ ਵੀ ਸਭਿਆਚਾਰ ਦੀ ਪਹਿਚਾਣ ਖਾਣ ਪੀਣ ਅਤੇ ਪਹਿਰਾਵੇ ਤੋਂ ਕੀਤੀ ਜਾਂਦੀ ਹੈ। ਹਰੇਕ ਸਮਾਜ ਦੇ ਸਭਿਆਚਾਰ ਦਾ ਖਾਣ-ਪੀਣ ਅਤੇ ਪਹਿਰਾਵਾ ਅਲੱਗ-ਅਲੱਗ ਹੁੰਦਾ ਹੈ। ਪੰਜਾਬੀ ਸਭਿਆਚਾਰ ਵਿੱਚ ਔਰਤਾਂ ਸਲਵਾਰ ਕਮੀਜ਼, ਘੱਗਰਾ, ਫੁਲਕਾਰੀ ਆਦਿ ਪਹਿਰਾਵੇ ਨੂੰ ਪਸੰਦ ਕਰਦੀਆਂ ਸਨ। ਮਰਦਾਂ ਵਿੱਚ ਪੱਗੜੀ, ਕੁੜਤਾ, ਚਾਦਰਾ ਆਦਿ ਪਹਿਰਾਵਾ ਪ੍ਰਚਲਿਤ ਰਿਹਾ ਹੈ। ਇਸੇ ਤਰ੍ਹਾਂ ਹੀ ਪੰਜਾਬੀ ਲੋਕਾਂ ਵਿੱਚ ਸਰ੍ਹੋਂ ਦਾ ਸਾਗ, ਦੁੱਧ, ਘਿਉ, ਲੱਸੀ ਆਦਿ ਵਧੇਰੇ ਪਸੰਦ ਕੀਤੇ ਜਾਂਦੇ ਹਨ।

# ਲੋਕ ਕਿੱਤੇ

- ਕੰਮ ਧੰਦੇ ਕਰਨਾ ਕਿਸੇ ਵੀ ਖਿੱਤੇ ਦੀ ਆਰਥਿਕ ਹਾਲਤ ਤੇ ਨਿਰਭਰ ਕਰਦਾ ਹੈ। ਕੰਮ ਧੰਦੇ ਹਰ ਜਾਤੀ ਦੇ ਕਿੱਤੇ ਤੇ ਗੌਰਵਮਈ ਹੋਣ ਦਾ ਮਾਣ ਕਰਦੇ ਹਨ। ਆਦਿ ਕਾਲ ਤੋਂ ਹੀ ਇਸਤਰੀਆ ਦਾ ਕੰਮ ਚੁੱਲ੍ਹਾ ਚੌਂਕਾ, ਰੋਟੀ ਟੁੱਕ, ਗੋਹਾ ਕੂੜਾ ਪਸ਼ੂਆਂ ਦੀ ਸਾਂਭ ਸੰਭਾਲ ਕਰਨਾ ਰਿਹਾ ਹੈ ਅਤੇ ਮਰਦ ਖੇਤੀ ਦੇ ਕੰਮ ਨੂੰ ਪਹਿਲ ਦਿੰਦੇ ਹਨ। ਪੁਸਤਕ ਆਧਾਰਿਤ ਲੋਕਾਂ ਦੀ ਆਰਥਿਕ ਵਿਵਸਥਾ ਉਹਨਾਂ ਦੇ ਹੱਥੀਂ ਕੰਮ ਕਰਨ ਤੇ ਨਿਰਭਰ ਕਰਦੀ ਸੀ। ਪੁਰਾਣੇ ਸਮਿਆਂ ਵਿੱਚ ਹਰ ਜਾਤੀ ਆਪਣੇ ਕੰਮ ਦੇ ਹੁਨਰ ਤੇ ਮਾਣ ਕਰਦੀ ਸੀ।

- ਤਰਖਾਣ ਦੁਆਰਾ ਲੱਕੜ ਦੀ ਘੜ ਘੜਾਈ ਦਾ ਕੰਮ ਕੀਤਾ ਜਾਂਦਾ ਹੈ। ਤਰਖਾਣ ਦੁਬਾਰਾ ਮੰਜੇ ਦੀਆਂ ਠੋਕੀਆਂ ਚੂਲਾਂ ਬਹੁਤੇ ਬੰਦੇ ਵੀ ਖਿੱਚ ਕੇ ਨਹੀਂ ਹਿਲਾ ਸਕਦੇ। ਉਹ ਆਪਣਾ ਲੱਕੜ ਦੀ ਘੜ ਘੜਾਈ ਦਾ ਕਾਰਜ ਖੂਬਸੂਰਤ ਢੰਗ ਨਾਲ ਕਰਦਾ ਸੀ। ਲੁਹਾਰ ਨੂੰ ਆਪਣੀ ਤਾਅ ਲਾਉਣ ਦੀ ਕਲਾ ਉੱਪਰ ਮਾਣ ਸੀ। ਲੁਹਾਰ ਦੁਆਰਾ ਖਰੁਪੇ ਅਤੇ ਕਹੀ ਦੇ ਫਲ ਬਾਰੇ ਆਪਣੇ ਆਪ ਤੇ ਮਾਣ ਹੁੰਦਾ ਸੀ। ਭਾਵੇਂ ਘਾਣੀ ਵੱਢੀ ਜਾਵੇ ਮਜਾਲ ਐ ਭੋਰਾ ਕਹੀ ਨਾਲ ਲੱਗੇ।''72 ਲੋਹੇ ਨੂੰ ਕਿਸੇ ਵਸਤ ਵਿੱਚ ਢਾਲਣਾ ਵੀ ਇਕ ਮਹਾਨ ਕਲਾ ਮੰਨੀ ਜਾਂਦੀ ਸੀ ਤੇ ਹੁਣ ਵ

- ,,,,ਘੁਮਿਆਰ ਨੂੰ ਆਪਣੇ ਭਾਂਡੇ ਬਣਾਉਣ ਦੀ ਕਲਾ ਵਿੱਚ ਮਾਣ ਰਿਹਾ ਹੈ, ਘੁਮਿਆਰ ਭਾਂਡੇ ਬਣਾਉਣ ਪਿਛੋਂ ਘੜਿਆਂ ਨੂੰ ਖਾਧੀਆਂ ਨਾਲ  ਤਲਪ-ਤਲਪ ਕੇ ਇਕ ਸਾਰ ਪੱਕਾ ਕਰ ਕੇ ਏਨੀ ਪਤਲੀ ਤੇ ਗਿੱਲੀ ਮਿੱਟੀ ਦਾ ਕੁੱਟ-ਕੁਟੱ ਕੇ ਵਧਾ ਕੇ ਘੜੇ ਦਾ ਪੇਟ ਉਭਾਰਨ ਵਿੱਚ ਕਾਰੀਗਰੀ ਦਿਖਾਉਂਦਾ ਹੈ। ਹਾੜ ਦੇ ਮਹੀਨੇ ਵਿੱਚ ਠੰਡਾ ਪਾਣੀ ਰੱਖਣ ਲਈ ਘੜੇ ਤੇ ਝੱਜਰੀ ਦੀ ਕੱਚੀ ਮਿੱਟੀ ਵਿੱਚ ਕਿਸ ਪ੍ਰਕਾਰ ਦੀਆਂ ਚੀਜ਼ਾਂ ਪਾਈਆਂ ਜਾਂਦੀਆਂ ਹਨ ਅਤੇ ਫਿਰ ਆਵੀ ਚਾੜ੍ਹਣ ਵੇਲੇ ਠੀਕ-ਠੀਕ ਬਾਲਣ ਪਾ ਕੇ ਹਿਸਾਬ ਦੀ ਅੱਗ ਬਾਲੀ ਜਾਂਦੀ ਹੈ। ਇਹ ਕੋਈ ਘੱਟ ਮਹਾਨ ਕਾਰੀਗਰੀ ਨਹੀਂ ਕਹੀ ਜਾ ਸਕਦੀ । ’’

- ,,,,ਝਿਊਰੀ ਦੁਆਰਾ ਇੱਕੋ ਵੇਲੇ ਦੋ-ਦੋ, ਤਿੰਨ-ਤਿੰਨ ਘੜੇ ਪਾਣੀ ਦੇ ਸਿਰ ਉੱਤੇ ਧਰ ਕੇ ਅਡੋਲ ਤੁਰਨਾ, ਨਾਲ ਦੇ ਮੱਘੀਆਂ ਢਾਕਾਂ ਵਿੱਚ ਫਸਾ ਕੇ ਇਕ ਘਰ ਦਾ ਇਕੋ ਸਮੇਂ ਕੰਮ ਨਿਪਟਾਉਣਾ ਘੱਟ ਮਹਾਨਤਾ ਨਹੀਂ । ਝੀਵਰ (ਝਿਊਰ) ਦਾ ਵਹਿੰਗੀਆਂ ਦੇ ਪਲੜਿਆਂ ਵਿੱਚ ਛੇ ਛੇ, ਸੱਤ ਸੱਤ ਤੌੜੇ ਇਕ ਦੂਜੇ ਉੱਪਰ ਰੱਖ ਕੇ ਘਰੋਂ ,,ਜਲ ਮਿਲਿਆ ਪ੍ਰਮੇਸ਼ਰ' ਦੀਆਂ ਆਵਾਜ਼ਾਂ ਦੇਣੀਆਂ, ਇਕ ਤਰ੍ਹਾਂ ਦਾ ਨਿਤਾ ਪ੍ਰਤੀ ਕਰਮ ਰਿਹਾ ਹੈ, ਜਿਸ ਨੂੰ ਘਰਾਂ ਵਿੱਚ ਲੱਗੇ ਨਲਕਿਆਂ ਨੇ ਸ਼ਾਦੀ ਗਮੀ ਦੇ ਸਮੇਂ ਚਿੰਨ੍ਹ ਰਪੂ ਵਿੱਚ ਲਿਆ ਦਿੱਤਾ ਹੈ। ਝਿਊਰ ਦਾ ਖਾਸ ਕੰਮ ਇਹ ਰਿਹਾ ਹੈ, ਕਿ ਖੂਹ ਵਿੱਚ ਡਿੱਗੇ ਬਕੋ ਜਾਂ ਡਲੋ ਬਾਲਟੀ ਤੇ ਕਿਸੇ ਹੋਰ ਵਸਤ ਨੂੰ ਚੁਭੀ ਲਾ ਕੇ ਕੱਢ ਲਿਆਉਣਾ, ਇਹ ਉਸਦੀ ਪ੍ਰਤਿਗਿਆ ਹੁੰਦੀ ਸੀ ਕਿ ਉਨਾਂ ਚਿਰ ਖੂਹ ਵਿਚੋਂ ਬਾਹਰ ਨਹੀਂ ਆਉਣਾ ਜਿੰਨਾਂ ਚਿਰ ਕੁਝ ਲੈ ਕੇ ਨਾ ਆਵਾਂ ? .'

- ,,,,ਮਿਰਾਸੀਆਂ ਨੂੰ ਵੀ ਆਪਦੇ ਹੁਨਰ ਦਿਖਾਉਣ ਵਿੱਚ ਮਾਣ ਰਿਹਾ ਹੈ। ਮਿਰਾਸੀ, ਜਾਂਦਿਆਂ ਆਉਂਦਿਆਂ ਪਿੰਡਾਂ ਦੀਆਂ ਸੱਥਾਂ ਵਿੱਚ ਟਿੱਚਰਾਂ ਕਰਨਾ, ਨਕਲ ਤੇ ਹਸਾਉਣੀਆ ਗੱਲਾਂ ਨਾਲ ਪ੍ਰਚਾਵੇ ਦੀਆਂ ਗੱਲਾਂ ਨਾਲ ਮੋਹ ਲੈਂਦੇ ਸਨ।

- ਸ਼ਹਿਰਾਂ ਦੇ ਪ੍ਰਭਾਵ ਹੇਠ ਰੰਗੇ ਜਾਣ ਕਾਰਨ ਲੋਕਾਂ ਦੇ ਧੰਦੇ ਵੀ ਬਦਲਦੇ ਜਾ ਰਹੇ ਹਨ, ਚੁਮਾਰ ਤੋਂ ਮਾਸਟਰ, ਕਿਤਾਬਾਂ ਛਾਪਣ ਵਾਲੇ ਪੁਸਤਕ ਪ੍ਰਕਾਸ਼ਕ, ਤਰਖਾਣ ਠੇਕੇਦਾਰ, ਲੁਹਾਰ ਕੋਲੇ ਦੇ ਡਿਪੂ, ਨਾਈ ਹੋਟਲ ਵਾਲਾ ਆਦਿ। ਇਸ ਤੋਂ ਇਲਾਵਾ ਹਰੇਕ ਵਿਅਕਤੀ ਆਪਣੀ ਯੋਗਤਾ ਦੇ ਆਧਾਰ ਤੇ  ਰੁਜ਼ਗਾਰ ਚਲਾਉਂਦੇ ਹਨ, ਜਿਵੇਂ ਸਿਨੇਮਾ, ਟਰਾਂਸਪੋਰਟ ਅਤੇ ਕਈ ਹੋਰ ਆਪਣੀ ਯੋਗਤਾ ਦੇ ਆਧਾਰ ਤੇ ਕੰਮ ਕਰਦੇ ਹਨ। ਇਸ ਤੋਂ ਇਲਾਵਾ ਹਕੀਮ, ਡਾਕਟਰ, ਕਲਾਕਾਰ, ਮਾਸਟਰ ਤੇ ਪ੍ਰਫ਼ੋਸੈਰ ਆਦਿ ਧੰਦੇ ਹਰੇਕ ਜਾਤ ਵੱਲੋਂ ਕੀਤੇ ਜਾਂਦੇ ਹਨ।

- ਵੇਹਲੇ ਲੋਕ ਸਹਾਇਕ ਧੰਦੇ ਵੀ ਅਪਣਾਉਂਦੇ ਰਹੇ ਹਨ, ਜਿਵੇਂ ਭੇਡਾਂ ਬੱਕਰੀਆਂ ਚਾਰਨਾ । ਭੇਡਾਂ ਪਾਲ ਕੇ ਉਨ੍ਹਾਂ ਦੀ ਉੱਨ ਵੇਚਣੀ, ਇਕ ਕਮਾਊ ਧੰਦਾ ਮੰਨਿਆ ਜਾਂਦਾ ਰਿਹਾ ਹੈ। ਬੱਕਰੀਆਂ ਦਾ ਦੁੱਧ ਘਰੋਂ ਘਰੀਂ ਜਿਣਸਾਂ ਤੇ ਪੈਸਿਆਂ ਬਦਲੇ ਵੇਚਣ ਦੀ ਰੀਤ ਵੀ „ਮੇਰੇ ਪਿੰਡ' ਦੇ ਲੋਕਾਂ ਵਿੱਚ ਰਹੀ ਹੈ। ਇਸ ਤੋਂ ਇਲਾਵਾ ਜ਼ਿਮੀਂਦਾਰ ਭਰਾ ਖੇਤੀਬਾੜੀ ਨਾਲ ਸ਼ੁਰੂ ਤੋਂ ਹੀ ਜੁੜਿਆ ਹੈ। ਜਟੱ ਭਰਾ ਦਾ ਕਿੱਤਾ ਖੇਤੀਬਾੜੀ ਹੋਣ ਕਾਰਨ, ਉਹ ਸਾਰੀ ਦੁਨੀਆਂ ਨੂੰ ਕਮਾ ਕੇ ਖੁਆਉਂਦਾ ਆਇਆ ਹੈ। ਉਹ ਆਪਣੀ ਖੇਤੀ ਨੂੰ ਸੰਭਾਲਦੇਂ ਹੋਏ ਰਾਤ-ਬਰਾਤੇ ਪਾਣੀ ਦੀਆਂ ਵਾਰੀਆਂ ਲਾਉਂਦੇ ਹਨ। ਜੱਟ ਜ਼ਿਮੀਂਦਾਰ ਸ਼ੁਰੂ ਤੋਂ ਹੀ ਆਪਣੀ ਅਣਥੱਕ ਮਿਹਨਤ ਸਦਕਾ ਖੇਤੀ ਕਰਦਾ ਸੀ ਤੇ ਹੁਣ ਵੀ ਕਰ ਰਿਹਾ ਹੈ ਪ੍ਰੰਤੂ ਵਿਸ਼ਵੀਕਰਨ ਦੇ ਪਭ੍ਰਾਵ ਹੇਠ ਅਜਕੋ ਸਮੇਂ ਵਿਚੱ ਖੇਤੀ ਦੇ ਸੰਦਾਂ ਦੀ ਬਹੁਤਾਤ ਹੋ ਚੁਕੀ ਹੈ ਅਤੇ ਦਿਨੋ-ਦਿਨ ਖੇਤੀ ਕਰਨ ਦੇ ਢੰਗ-ਤਰੀਕੇ ਸੁਖਾਲੇ ਹੋ ਰਹੇ ਹਨ।